ਦਫਤਰ ਡਿਪਟੀ ਕਮਿਸ਼ਨਰ ਜਲੰਧਰ
Office of the Deputy Commissioner
Jalandhar (Punjab)
Ph. : 0181-2224783 (O)
: 2459664 (R)
Fax : 2224727
e-mail : dc.jal@punjab.gov.in

No. 1590/MC-I/MC-3/MA
Date 5/2/19

# ਇਸ਼ਤਿਹਾਰ

ਜਿਲ੍ਹਾ ਜਲੰਧਰ ਵਿੱਚ ਨੋਟਰੀ ਪਬਲਿਕ ਦੀਆਂ 11 ਖਾਲੀ ਅਸਾਮੀਆਂ ਭਰੀਆਂ ਜਾਣੀਆਂ ਹਨ। ਚਾਹਵਾਨ ਉਮੀਦਵਾਰ ਆਪਣੀ ਦਰਖਾਸਤ ਨਿਰਧਾਰਤ ਮਿਤੀ 22-2-2019 ਤੱਕ ਦਫਤਰ ਡਿਪਟੀ ਕਮਿਸ਼ਨਰ ਜਲੰਧਰ (ਐਮ.ਏ ਸ਼ਾਖਾ) ਵਿਖੇ ਨਿੱਜੀ ਤੋਰ ਤੇ ਪੇਸ਼ ਹੋ ਕੇ ਜਾਂ ਡਾਕ ਰਾਂਹੀ ਭੇਜ ਸਕਦੇ ਹਨ। ਡਾਕ ਵਿਭਾਗ ਵੱਲੋ ਹੋਈ ਦੇਰੀ ਸਬੰਧੀ ਦਫਤਰ ਜਿੰਮੇਵਾਰ ਨਹੀ ਹੋਵੇਗਾ।

ਯੋਗਤਾ ਅਤੇ ਹੋਰ ਸ਼ਰਤਾਂ ਸਬੰਧੀ ਸੂਚਨਾ ਜਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ ਜਲੰਧਰ ਦੇ ਕਮਰਾ ਨੰਬਰ 122-123 ਪਹਿਲੀ ਮੰਜਿਲ ਦੇ ਬਾਹਰ ਲੱਗੇ ਨੋਟਿਸ ਬੋਰਡ ਜਾਂ ਜਿਲ੍ਹੇ ਦੇ ਉਪ ਮੰਡਲ ਮੈਜਿਸਟਰੇਟ ਜਿਲ੍ਹਾ ਜਲੰਧਰ ਦੇ ਦਫਤਰਾਂ ਦੇ ਬਾਹਰ ਲੱਗੇ ਨੋਟਿਸ ਤੇ ਦੇਖੀਆਂ ਜਾ ਸਕਦੀਆਂ ਹਨ ।

ਸਥਾਨ: ਜਲੰਧਰ।
ਮਿਤੀ : 5-2-2019

ਡਿਪਟੀ ਕਮਿਸ਼ਨਰ,
ਜਲੰਧਰ।

ਪੰਜਾਬ ਸਰਕਾਰ
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ
(ਅਦਾਲਤੀ 1 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼,

ਮੀਮੋ ਨੰ: 9/3/2010-4ਅਦਾ(1)/1634
ਮਿਤੀ, ਚੰਡੀਗੜ੍ਹ: 13-03-2015

ਵਿਸ਼ਾ:- ਰਾਜ ਸਰਕਾਰ ਦੇ ਕੋਟੇ ਵਿਚੋਂ ਖਾਲੀ ਅਸਾਮੀਆਂ ਵਿਰੁੱਧ ਨੋਟਰੀ ਪਬਲਿਕ ਦੀਆਂ ਨਿਯੁਕਤੀਆਂ ਕਰਨ ਸਬੰਧੀ।

***

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਆਮ ਵੇਖਣ ਵਿੱਚ ਪਾਇਆ ਗਿਆ ਹੈ ਕਿ ਸਰਕਾਰ ਦੇ ਕੋਟੇ ਦੀਆਂ ਨੋਟਰੀ ਪਬਲਿਕ ਮਨਜੂਰਸ਼ੁਦਾ ਪੋਸਟਾਂ ਨੂੰ ਭਰਨ ਹਿੱਤ ਨਿਯਮਾਂ ਅਨੁਸਾਰ ਸਹੀ ਤਰੀਕਾ ਨਹੀਂ ਅਪਣਾਇਆ ਜਾ ਰਿਹਾ ਹੈ। ਇਸ ਲਈ ਸਰਕਾਰ ਵਲੋਂ ਵਿਚਾਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਸਰਕਾਰ ਨੂੰ ਨੋਟਰੀ ਪਬਲਿਕ ਦੇ ਕੇਸ ਭੇਜਣ ਤੋਂ ਤੋ ਪਹਿਲਾ ਹੇਠ ਲਿਖੀ ਵਿਧੀ ਅਪਣਾਈ ਜਾਵੇ:-

ੳ) <u>ਇਸ਼ਤਿਹਾਰ:-</u>

1) ਸਬ-ਡਵੀਜਨ/ ਹੈਡਕੁਆਟਰ ਵਾਈਜ ਉਪਲਬਧ ਨੋਟਰੀ ਪਬਲਿਕ ਦੀਆਂ ਅਸਾਮੀਆਂ ਨੂੰ ਲੋਕਲ ਪੰਜਾਬੀ ਅਤੇ ਹਿੰਦੀ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਜਾਵੇ।

ਅ) <u>ਅਰਜੀਆਂ ਪ੍ਰਾਪਤ ਕਰਨਾ:-</u>

1) ਸਾਰੇ ਯੋਗ/ ਚਾਹਵਾਨ ਐਡਵੋਕੇਟਸ ਤੋਂ ਅਰਜੀਆਂ ਮੰਗੀਆਂ ਜਾਣ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

(ਏ) ਉਹ ਵਿਅਕਤੀ ਜੋ ਘੱਟੋ-ਘੱਟ ਦਸ ਸਾਲਾਂ ਤੋਂ ਪ੍ਰੈਕਟਿਸ ਕਰ ਰਿਹਾ ਹੋਵੇ ਜਾਂ

(ਏ ਏ) ਉਹ ਵਿਅਕਤੀ ਜੋ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਨਾਲ ਸਬੰਧਤ ਹੋਣ, ਜੋ ਘੱਟੋ-ਘੱਟ ਸੱਤ ਸਾਲਾਂ ਤੋਂ ਪ੍ਰੈਕਟਿਸ ਕਰ ਰਹੇ ਹੋਣ ਜਾਂ

(ਏ ਬੀ) ਇੱਕ ਔਰਤ ਜੋ ਘੱਟੋ-ਘੱਟ ਸੱਤ ਸਾਲਾਂ ਤੋਂ ਬਤੌਰ ਲੀਗਲ ਪ੍ਰੈਕਟੀਸ਼ਨਰ ਦੇ ਤੌਰ ਤੇ ਪ੍ਰੈਕਟਿਸ ਕਰ ਰਹੀ ਹੋਵੇ

ਜਾਂ

(ਬੀ) ਕੇਂਦਰ ਸਰਕਾਰ ਦੇ ਅਧੀਨ ਇੰਡੀਅਨ ਲੀਗਲ ਸਰਵਿਸ ਦੇ ਮੈਂਬਰ ਰਹਿ ਚੁੱਕਾ ਹੋਵੇ/ਚੁੱਕੀ ਹੋਵੇ ਜਾਂ

(ਸੀ) ਉਹ ਜੋ ਘੱਟੋ-ਘੱਟ ਦਸ ਸਾਲਾਂ ਤੋਂ :

i) ਜੁਡੀਸ਼ੀਅਲ ਸਰਵਿਸ ਦਾ ਮੈਂਬਰ ਰਹਿ ਚੁੱਕਾ ਹੋਵੇ/ ਚੁੱਕੀ ਹੋਵੇ।

ii) ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੇ ਦਫਤਰ ਵਿੱਚ ਬਤੌਰ ਐਡਵੋਕੇਟ ਦੇ ਤੌਰ ਤੇ ਕਾਨੂੰਨ ਸਬੰਧੀ ਖਾਸ ਜਾਣਕਾਰੀ ਰੱਖਦਾ ਹੋਵੇ।

iii) ਜੋ ਐਡਵੋਕੇਟ ਜਨਰਲ ਦੇ ਦਫਤਰ ਜਾਂ ਆਰਮਡ ਫੋਰਸਿਜ ਵਿੱਚ ਕਾਨੂੰਨ ਵਿਭਾਗ ਵਿੱਚ ਰਿਹਾ ਹੋਵੇ।

ੲ) <u>ਚੋਣ ਕਮੇਟੀ:</u>

ਉਪਰੋਕਤ ਵਿਧੀ ਦੁਆਰਾ ਪ੍ਰਾਪਤ ਸਾਰੀਆਂ ਅਰਜੀਆਂ ਸਬੰਧਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਗਠਿਤ ਕਮੇਟੀ, ਜਿਸ ਵਿੱਚ ਜਿਲ੍ਹਾ ਅਟਾਰਨੀ ਅਤੇ ਡਿਪਟੀ ਕਮਿਸ਼ਨਰ ਦੁਆਰਾ ਨਾਮਜਦ ਕਿਸੇ ਅਫਸਰ ਨੂੰ ਬਤੌਰ ਮੈਂਬਰ ਲਿਆ ਜਾਵੇਗਾ, ਦੁਆਰਾ ਵਿਚਾਰੀਆਂ ਜਾਣਗੀਆਂ।

ਸ) <u>ਟਿੱਪਣੀ:-</u>

ਇਸ ਉਪਰੰਤ ਕਮੇਟੀ ਵਲੋਂ ਵਿਚਾਰੀਆਂ ਹੋਈਆਂ ਅਰਜੀਆਂ ਜਿਲ੍ਹਾ ਅਤੇ ਸ਼ੈਸਨ ਜੱਜ ਨੂੰ ਉਨ੍ਹਾਂ ਦੇ ਪੂਰਵ ਵਿਹਾਰ (antecedents) ਨੂੰ ਵਿਚਾਰਦੇ ਹੋਏ 'ਦਾ ਨੋਟਰੀਜ ਰੂਲਜ, 1956' ਦੇ ਨਿਯਮ 7 ਅਧੀਨ ਉਪਰੋਕਤ ਗਠਿਤ ਕੀਤੀ ਕਮੇਟੀ ਨੂੰ ਆਪਣੀ ਟਿੱਪਣੀ ਭੇਜੀ ਜਾਵੇਗੀ॥

ਹ) <u>ਸਿਫਾਰਿਸ਼ਾਂ:-</u>

ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਵਲੋਂ ਕੇਸ ਤਿਆਰ ਕਰਕੇ ਸਬੰਧਤ ਮੰਡਲ ਕਮਿਸ਼ਨਰ ਦੀ ਆਪਣੀ ਸਿਫਾਰਿਸ਼ ਸਮੇਤ ਤਜਵੀਜ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਜਾਵੇਗੀ।

ਅਧੀਨ ਸਕੱਤਰ ਗ੍ਰਹਿ(ਐੱਚ)

ਪਿ:ਅੰ:ਨੰ: 9/3/2010-4ਅਦਾ(1)/1635-1636 ਮਿਤੀ, ਚੰਡੀਗੜ੍ਹ: 13-08-2015

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1) ਰਾਜ ਦੇ ਸਮੂਹ ਮੰਡਲ ਕਮਿਸ਼ਨਰਜ।
2) ਰਾਜ ਦੇ ਸਮੂਹ ਜਿਲ੍ਹਾ ਅਤੇ ਸ਼ੈਸਨ ਜੱਜ।

ਅਧੀਨ ਸਕੱਤਰ ਗ੍ਰਹਿ(ਐੱਚ)

24/8/2015